26.2.95

# ਕਲਾ ਦੇ ਝਰੋਖੇ ਤੋਂ —— 25th Feb.

ਗੁਰਸ਼ਰਨ ਸਿੰਘ

**ਚਮਕੌਰ ਸਾਹਿਬ ਦਾ ਸਭਿਆਚਾਰਕ ਮੇਲਾ**

ਕੁਝ ਕੰਮ ਇਕ ਚੁਣੌਤੀ ਦੇ ਰੂਪ ਵਿਚ ਕੀਤੇ ਜਾਂਦੇ ਹਨ ਅਤੇ ਕਿਸੇ ਐਲਾਨੀਆਂ ਮੰਤਵ ਨਾਲ ਕੀਤੇ ਜਾਂਦੇ ਹਨ। ਚੇਤਨਾ ਮੰਚ ਚਮਕੌਰ ਸਾਹਿਬ ਵਲੋਂ 18-19 ਫਰਵਰੀ, 1995 ਨੂੰ ਸਾਂਝਾ ਸਭਿਆਚਾਰਕ ਮੇਲਾ ਮਸ਼ਾਲ-95 ਇਨ੍ਹਾਂ ਵਿਚੋਂ ਇਕ ਸੀ। ਇਸ ਮੇਲੇ ਦਾ ਮੁੱਖ ਪ੍ਰਬੰਧਕ ਸਵਰਨ ਸਿੰਘ ਭੰਗੂ ਸੀ ਅਤੇ ਸਾਹਿਤਕ ਸਮਾਗਮ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾ. ਤਾਰਾ ਸਿੰਘ ਸੰਧੂ ਦਾ ਸਹਿਯੋਗ ਸੀ। ਇਸ਼ਤਿਹਾਰ ਅਤੇ ਸੱਦਾ-ਪੱਤਰਾਂ ਵਿਚ ਇਹ ਦਾਅਵਾ ਸੀ ਕਿ ਇਹ ਸਭਿਆਚਾਰਕ ਮੇਲਾ ਸਾਫ ਸੁਥਰੀ ਗਾਇਕੀ, ਸਾਹਿਤ ਅਤੇ ਸਭਿਆਚਾਰ ਨੂੰ ਸਮਰਪਤ ਹੋਵੇਗਾ। ਜੋ ਮੇਲਾ ਹੋਇਆ ਉਹ ਹਰ ਪੱਖ ਤੋਂ ਇਸ ਦਾਅਵੇ ਨੂੰ ਪੂਰਾ ਕਰਦਾ ਸੀ।

ਠੀਕ ਸਵੇਰੇ 10 ਵਜੇ ਇਹ ਮੇਲਾ ਨਗਰ ਫੇਰੀ ਨਾਲ ਸ਼ੁਰੂ ਹੋਇਆ ਜਿਸ ਵਿਚ ਚਮਕੌਰ ਸਾਹਿਬ ਦੇ ਸੱਤ ਸਕੂਲਾਂ ਦੇ ਬੱਚੇ ਅਤੇ ਬਾਹਰੋਂ ਆਏ ਕਲਾਕਾਰ ਸ਼ਾਮਲ ਸਨ। ਇਸ ਨਗਰ ਫੇਰੀ ਦੀ ਪ੍ਰੇਰਨਾ ਬਾਲ ਪ੍ਰੀਤ ਕਾਫਲੇ ਦੀ ਰੂਹੇ ਰਵਾਂ ਰਮਾ ਰਤਨ ਅਤੇ ਉਹਦੀਆਂ ਸਹਿਯੋਗਣਾਂ ਸਨ। ਸਕੂਲਾਂ ਦੇ ਬੱਚੇ ਬੈਂਡ ਦੀ ਧੁਨ ਨਾਲ ਕਦਮ ਨਾਲ ਕਦਮ ਮਿਲਾ ਕੇ ਚਲ ਰਹੇ ਸਨ। ਇਕ ਟੋਲੀ ਢੋਲ ਦੀ ਤਾਲ ਨਾਲ ਨਾਚ ਪਾਉਂਦੀ ਚਲ ਰਹੀ ਸੀ। ਇਕ ਕੁੜੀਆਂ ਦੀ ਟੋਲੀ ਹੱਥ ਵਿਚ ਝੰਡੀਆਂ ਫੜੀ ਆਪਣੇ ਕਰਤੱਬ ਵਿਖਾ ਰਹੀ ਸੀ। ਬੱਚਿਆਂ ਦੇ ਹੱਥਾਂ ਵਿਚ ਬੈਨਰ ਚੁੱਕੇ ਹੋਏ ਸਨ ਜਿਨ੍ਹਾਂ ਉਤੇ ਉਕਰੇ ਹੋਏ ਸ਼ਬਦ ਚੰਗੀ ਜੀਵਨ ਜਾਚ ਦੀ ਮੰਗ ਕਰ ਰਹੇ ਸਨ। ਇਕ ਘੰਟੇ ਦੀ ਨਗਰ ਫੇਰੀ ਬਾਅਦ ਜਦੋਂ ਇਹ ਕਾਫਲਾ ਪੰਡਾਲ ਵਿਚ ਪੁੱਜਿਆ ਤਾਂ ਪੰਡਾਲ ਪੂਰੀ ਤਰ੍ਹਾਂ ਦਰਸ਼ਕਾਂ ਨਾਲ ਭਰਿਆ ਹੋਇਆ ਸੀ, ਜੋ ਇਲਾਕੇ ਭਰ ਤੋਂ ਇਸ ਮੇਲੇ ਵਿਚ ਸ਼ਾਮਲ ਹੋਣ ਲਈ ਆਏ ਸਨ। ਪਹਿਲੇ ਦੌਰ ਵਿਚ ਕੰਵਲਜੀਤ ਨੀਲੋਂ ਨੇ ਆਪਣੇ ਗੀਤਾਂ ਰਾਹੀਂ ਅਤੇ ਮਾਸਟਰ ਤ੍ਰਿਲੋਚਨ ਵਲੋਂ ਤਿਆਰ ਕਰਵਾਈਆਂ ਕੋਰੋਗਰਾਫੀਆਂ ਰਾਹੀਂ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ। ਮੁੜ ਮੁੜ ਕੇ ਇਹ ਸੁਨੇਹਾ ਦਰਸ਼ਕਾਂ ਨੂੰ ਪੁੱਜ ਰਿਹਾ ਸੀ ਕਿ ਸਾਡੇ ਲੋਕ ਚੰਗਾ ਜੀਣਾ ਲੋਚਦੇ ਹਨ। ਇਕ ਐਸਾ ਸਮਾਜ ਸਿਰਜਣਾ ਚਾਹੁੰਦੇ ਹਨ ਜਿਨ੍ਹਾਂ ਵਿਚ ਸਮਾਜਿਕ ਇਨਸਾਫ ਹੋਵੇ। ਸਾਡੀਆਂ ਧੀਆਂ ਭੈਣਾਂ ਨੂੰ ਅਣਖ ਵਾਲੀ ਜ਼ਿੰਦਗੀ ਜੀਣੀ ਮਿਲੇ। ਮੇਲੇ ਦਾ ਸਿਖਰ ਰਾਤ ਦੇ ਇਕ ਵਜੇ ਤਕ ਚਲਿਆ। ਨਾਟਕਾਂ ਦਾ ਸਮਾਗਮ ਸੀ ਜਿਸ ਵਿਚ 'ਉਦਾਸ ਲੋਕ', 'ਸਾੜ੍ਹ ਸਤੀ' ਅਤੇ 'ਮਿੱਟੀ ਦਾ ਬਾਵਾ' ਵਰਗੇ ਪ੍ਰਸਿੱਧ ਨਾਟਕ ਪੰਜਾਬ ਦੀਆਂ ਚੋਣਵੀਆਂ ਨਾਟਕ ਟੀਮਾਂ ਵਲੋਂ ਪੇਸ਼ ਕੀਤੇ ਗਏ।

ਦੂਜੇ ਦਿਨ ਇਸੇ ਥਾਂ ਪੁਆਧ ਇਲਾਕੇ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਇਕ ਕਾਨਫਰੰਸ ਹੋਈ ਜਿਹੜੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਆਯੋਜਿਤ ਕੀਤੀ ਗਈ ਸੀ। ਪੁਆਧ ਇਲਾਕੇ ਦੇ ਮੋਢੀ ਕਹਾਣੀਕਾਰ ਨੌਰੰਗ ਸਿੰਘ ਨੂੰ ਯਾਦ ਕੀਤਾ ਗਿਆ। ਇਸ ਵਿਚ ਸਾਹਿਤਕਾਰ ਕਾਰਵਾਂ ਬਣਾ ਕੇ ਆਏ। ਪਰਚੇ ਪੜ੍ਹੇ ਗਏ ਅਤੇ ਭਰਵੀਂ ਬਹਿਸ ਹੋਈ। ਦੋਨੋਂ ਦਿਨ ਸਾਰਾ ਕੁਝ ਬੜੀ ਤਰਤੀਬ ਨਾਲ ਕੀਤਾ ਗਿਆ। ਚਮਕੌਰ ਸਾਹਿਬ ਦੀ ਇਤਿਹਾਸਕ ਸ਼ਹੀਦਾਂ ਦੀ ਧਰਤੀ 'ਤੇ ਇਹ ਮੇਲਾ ਆਪਣੇ ਆਪ ਵਿਚ ਸੁਥਰੇ ਸਭਿਆਚਾਰ ਦਾ ਇਕ ਇਤਿਹਾਸਕ ਮੇਲਾ ਸੀ, ਜੀਹਦੇ ਲਈ ਪ੍ਰਬੰਧਕ ਵੱਡੀ ਤੋਂ ਵੱਡੀ ਵਧਾਈ ਦੇ ਪਾਤਰ ਹਨ।

**ਵਿਦਾਇਗੀ ਸਮਾਗਮ**

ਅਧਿਆਪਕਾਂ ਦਾ ਸਤਿਕਾਰ ਸਾਡੇ ਸਭਿਆਚਾਰ ਦਾ ਇਕ ਜ਼ਰੂਰੀ ਭਾਗ ਹੈ। ਆਮ ਇਹ ਗੱਲ ਕਹੀ ਜਾ ਰਹੀ ਹੈ ਕਿ ਸਾਡੇ ਖਪਤਕਾਰੀ ਸਮਾਜ ਵਿਚ ਅਧਿਆਪਕਾਂ ਦਾ ਸਨਮਾਨ ਘਟ ਰਿਹਾ ਹੈ ਪਰ ਬਹੁਤ ਕੁਝ ਐਸਾ ਵੀ ਹੋ ਰਿਹਾ ਹੈ, ਜੋ ਇਸ ਪ੍ਰਭਾਵ ਨੂੰ ਝੁਠਲਾਂਦਾ ਹੈ। ਗਿੱਦੜਬਾਹਾ ਵਿਚ ਪਿੱਛੇ ਜਿਹੇ ਇਕ ਵੱਡਾ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਹੜਾ ਇਲਾਕੇ ਦੇ ਇਕ ਅਧਿਆਪਕ ਮਾਸਟਰ ਦਰਸ਼ਨ ਲਾਲ ਪਰਵਾਨਾ ਦੇ ਰਿਟਾਇਰ ਹੋਣ 'ਤੇ ਉਨ੍ਹਾਂ ਦੇ ਸ਼ਾਗਿਰਦਾਂ ਵਲੋਂ ਕੀਤਾ ਗਿਆ। ਉਸ ਸਮਾਗਮ ਵਿਚ ਨਾਟਕ ਵੀ ਸਨ, ਗੀਤ ਵੀ ਸਨ ਪਰ ਸਭ ਤੋਂ ਵੱਧ ਉਹ ਸੁਹਿਰਦਤਾ ਸੀ ਜਿਹੜੀ ਇਕ ਚੰਗੇ ਅਧਿਆਪਕ ਲਈ ਸ਼ਾਗਿਰਦਾਂ ਦੀ ਹੁੰਦੀ ਹੈ। ਇਕ ਹੋਰ ਸਮਾਗਮ ਉਸੇ ਇਲਾਕੇ ਵਿਚ ਪਿੰਡ ਦੌਲਾ ਵਿਚ ਕੀਤਾ ਗਿਆ। ਇਕ ਅਧਿਆਪਕ ਸੀਤਾ ਰਾਮ ਹੋਰਾਂ ਨੂੰ ਉਨ੍ਹਾਂ ਦੇ ਵਿਦਿਆਰਥੀਆਂ ਨੇ ਰਿਟਾਇਰ ਹੋਣ 'ਤੇ ਵਿਦਾਇਗੀ ਦਿੱਤੀ। ਅਧਿਆਪਕ ਵਾਸਤੇ ਜੋ ਤੋਹਫੇ ਦਿੱਤੇ ਗਏ, ਉਨ੍ਹਾਂ ਵਿਚ ਇਕ ਤੋਹਫਾ ਇਕ ਸਵੈਟਰ ਕੋਟੀ ਸੀ ਜੋ ਨੌਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਮਾਸਟਰ ਜੀ ਲਈ ਬੁਣਿਆਂ ਸੀ। ਮਾਸਟਰ ਸੀਤਾ ਰਾਮ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੀ ਉਮਰ ਜਿਸ ਈਮਾਨਦਾਰੀ ਨਾਲ ਆਪਣਾ ਫਰਜ਼ ਨਿਭਾਇਆ ਹੈ, ਇਸ ਦੀ ਕਦਰ ਜੋ ਮੇਰੀਆਂ ਵਿਦਿਆਰਥਣਾਂ ਅਤੇ ਵਿਦਿਆਰਥੀਆਂ ਨੇ ਪਾਈ ਹੈ, ਮੈਂ ਸਮਝਦਾ ਹਾਂ ਕਿ ਇਹ ਮੇਰੀ ਜ਼ਿੰਦਗੀ ਦੀ ਸਾਰਿਆਂ ਤੋਂ ਵੱਡੀ ਖੁਸ਼ੀ ਹੈ। ਅਧਿਆਪਕਾਂ ਦਾ ਸਨਮਾਨ ਅਤੇ ਨਾਟਕਾਂ ਗੀਤਾਂ ਦੇ ਜੁੜਦੇ ਸਮਾਗਮ ਇਕ ਨਰੋਈ ਪ੍ਰੰਪਰਾ ਅਤੇ ਫ਼ਖਰ ਵਾਲੀ ਗੱਲ ਹੈ।

**ਇਕ ਬਹੁਤ ਚੰਗਾ ਨਾਟਕ**

ਯੂਨੀਵਰਸਿਟੀ ਯੂਥ ਫੈਸਟੀਵਲਾਂ 'ਤੇ ਕਈ ਚੰਗੀਆਂ ਕਲਾ-ਕ੍ਰਿਤਾਂ ਵੇਖਣ ਨੂੰ ਮਿਲਦੀਆਂ ਹਨ। ਸਰਕਾਰੀ ਕਾਲਜ ਮਲੇਰਕੋਟਲਾ ਵਲੋਂ ਪੇਸ਼ ਕੀਤਾ ਇਕ ਨਾਟਕ 'ਤੇਰਾ ਨਹੀਂ, ਮੇਰਾ ਨਹੀਂ, ਹਮਾਰਾ ਹੈ' ਇਕ ਐਸੀ ਕਿਰਤ ਕਹੀ ਜਾ ਸਕਦੀ ਹੈ। ਨਾਟਕ-ਕਲਾ ਵਿਚ ਲਗਨ ਅਤੇ ਮਿਹਨਤ ਕੀ ਥਾਂ ਰੱਖਦੀ ਹੈ, ਇਹ ਨਾਟਕ ਉਸ ਦੀ ਮਿਸਾਲ ਹੈ। ਸੱਤ ਕਲਾਕਾਰਾਂ ਨੇ ਵੱਖ ਵੱਖ ਕੰਪੋਜ਼ੀਸ਼ਨਾਂ ਰਾਹੀਂ ਮਨੁੱਖ ਦੇ ਵਿਕਾਸ ਦੇ ਪੜਾਅ ਅਤੇ ਸਮਾਜਿਕ ਬਣਤਰ ਦੇ ਪੜਾਅ ਜਿਸ ਕਲਾਤਮਿਕ ਤਰੀਕੇ ਨਾਲ ਪੇਸ਼ ਕੀਤੇ, ਉਹ ਇਸ ਗੱਲ ਦਾ ਸੂਚਕ ਹੈ ਕਿ ਨੌਜਵਾਨ ਪੀੜ੍ਹੀ ਇਸ ਕਲਾ ਵੱਲ ਸੁਹਿਰਦ ਹੈ ਅਤੇ ਇਹ ਕਲਾ ਉਨ੍ਹਾਂ ਦੇ ਹੱਥਾਂ ਵਿਚ ਪੂਰੀ ਤਰ੍ਹਾਂ ਪ੍ਰਫੁਲਤ ਹੋਵੇਗੀ। ਇਹ ਨਾਟਕ ਪੰਜਾਬ ਦੀਆਂ ਚਾਰ ਯੂਨੀਵਰਸਿਟੀਆਂ ਦੇ ਕਾਲਜਾਂ ਦੇ ਮੁਕਾਬਲੇ ਵਿਚ ਸਰਵ ਉਤਮ ਕਰਾਰ ਦਿੱਤਾ ਗਿਆ ਹੈ। ਉਮੀਦ ਹੈ ਇਸ ਦੀਆਂ ਹੋਰ ਪੇਸ਼ਕਾਰੀਆਂ ਵੱਖ ਵੱਖ ਸ਼ਹਿਰਾਂ ਵਿਚ ਵੇਖਣ ਨੂੰ ਮਿਲਣਗੀਆਂ।